SECTION IV

PUNJABI VERSION

(In case of any translation related ambiguity in question, English Version will hold good)

1. ਜਬਾੜਿਆਂ ਦਾ ਜਾਮ ਹੋਣਾ ਕਿਹੜੀ ਬੀਮਾਰੀ ਦਾ ਲੱਛਣ ਹੈ ?

(A) ਧੁਨਖਵਾ (Tetanus)
(B) ਹੈਜ਼ਾ (Cholera)
(C) ਪਲੇਗ (Plague)
(D) ਗਲਘੋਟੂ (Diphtheria)

2. ਇਹਨਾਂ ਵਿੱਚੋਂ ਕਿਹੜੀ ਸੈਰਗਾਹ ਇੱਕ ਟਾਪੂ ਉਪਰ ਸਥਿਤ ਹੈ ?

(A) ਏਲੋਰਾ ਗੁਫਾਵਾਂ
(B) ਅਜੰਤਾ ਗੁਫਾਵਾਂ
(C) ਕਨਹੇਰੀ ਗੁਫਾਵਾਂ
(D) ਐਲੀਫੈਂਟਾ ਗੁਫਾਵਾਂ

3. ਮਰਾਠੀ ਵਿੱਚ 'ਸਾਮਨਾ; ਅਤੇ ਹਿੰਦੀ ਵਿੱਚ 'ਦੋਪਹਰ ਕਾ ਸਾਮਨਾ' ਅਖ਼ਬਾਰ ਕਿਸਨੇ ਸ਼ੁਰੂ ਕੀਤੇ ?

(A) ਸ਼ਰਦ ਪਵਾਰ
(B) ਬਾਲ ਠਾਕਰੇ
(C) ਵਸੰਤਰਾਓ ਚੌਹਾਨ
(D) ਵਿਲਾਸ ਰਾਓ ਦੇਸ਼ਮੁਖ

4. ਕਿਸ ਤਾਪਮਾਨ ਤੇ ਫਾਰਨਹੀਟ (Fahrenheit) ਅਤੇ ਸੈਲਸੀਅਸ (Celsius) ਸਕੇਲ ਇੱਕ ਹੀ ਰੀਡਿੰਗ ਨੂੰ ਦਰਸਾਉਂਦਾ ਹੈ ?

(A) – 60 ਡਿਗਰੀ
(B) 40 ਡਿਗਰੀ
(C) 80 ਡਿਗਰੀ
(D) – 40 ਡਿਗਰੀ

5. ਕਾਹਨਾ ਨੈਸ਼ਨਲ ਪਾਰਕ ਵਿੱਚ ਕਿਸ ਜਾਨਵਰ ਦੇ ਸੰਭਾਲ ਪ੍ਰੋਗਰਾਮ ਦਾ ਜਿੰਮਾ ਲਿਆ ਗਿਆ ਹੈ?

(A) ਸ਼ੇਰ
(B) ਬਾਰਾਂ ਸਿੰਘਾ
(C) ਜੰਗਲੀ ਗਧਾ
(D) ਹਾਥੀ

6. ਫੁੱਲਾਂ ਦੀ ਘਾਟੀ ਕਿੱਥੇ ਸਥਿਤ ਹੈ ?

(A) ਨੀਲਗਿਰੀ ਵਿੱਚ
(B) ਅਰਾਵਲੀ ਵਿੱਚ
(C) ਗੜ੍ਹਵਾਲ ਹਿਮਾਲਯਾ
(D) ਸਿੱਕਮ ਵਿੱਚ

7. ਭਾਰਤ ਦਾ ਸਰਵਉੱਚ ਨਾਗਰਿਕ ਪੁਰਸਕਾਰ (ਸਿਵਲੀਅਨ ਐਵਾਰਡ) ਕਿਹੜਾ ਹੈ ?

(A) ਭਾਰਤ ਰਤਨ
(B) ਪਦਮ ਭੂਸ਼ਨ
(C) ਪਦਮ ਵਿਭੂਸ਼ਨ
(D) ਪਰਮਵੀਰ ਚੱਕਰ

8. ਕਿਹੜੀ ਹਵਾਈ ਕੰਪਨੀ ਨੂੰ ਟਾਟਾ ਸਨਜ਼ (Tata Sons) ਦੇ ਸਾਂਝੇ ਉਦਮ ਨਾਲ ਭਾਰਤ ਵਿੱਚ ਇੱਕ ਖੇਤਰੀ ਏਅਰਲਾਈਨ ਸ਼ੁਰੂ ਕਰਨ ਦੀ ਮਨਜ਼ੂਰੀ ਦਿੱਤੀ ਗਈ ?

(A) ਇਤਿਹਾਦ (Etihad)
(B) ਗੋ ਏਅਰ (Go Air)
(C) ਏਅਰ ਏਸ਼ੀਆ (Air Asia)
(D) ਕਿੰਗਫਿਸ਼ਰ (Kingfisher)

9. ਮਾਈਕਲ ਫੈਲਪਸ (Michael Phelps) ਕਿਹੜੀ ਖੇਡ ਨਾਲ ਸੰਬੰਧਤ ਹੈ ?

(A) ਤੈਰਾਕੀ (Swimming)
(B) ਕ੍ਰਿਕੇਟ (Cricket)
(C) ਜਿਮਨਾਸਟਿਕ (Gymnastics)
(D) ਨਿਸ਼ਾਨੇ ਬਾਜ਼ੀ (Shooting)

10. ਭਾਰਤ ਵਿੱਚ ਪਹਿਲੀ ਵਾਰ ਤੋਪ ਦੀ ਵਰਤੋਂ ਕਿਸ ਨੇ ਕੀਤੀ ਸੀ ?

(A) ਫਰਾਂਸੀਸੀਆਂ (French)
(B) ਪੁਰਤਗਾਲੀਆਂ ਨੇ (Portuguese)
(C) ਸਪੇਨੀਆਂ ਨੇ (Spanish)
(D) ਬਾਬਰ ਨੇ (Babur)

11. $\sqrt{0.000441}$ ਦਾ ਮਾਨ (ਮੁੱਲ) ਹੈ :

(A) 0.00021
(B) 0.0021
(C) 0.021
(D) 0.21

12. 294 ਨੂੰ ਕਿਸ ਛੋਟੀ ਤੋਂ ਛੋਟੀ ਸੰਖਿਆ ਨਾਲ ਗੁਣਾ ਕਰੀਏ ਕਿ ਗੁਣਨਫਲ ਇੱਕ ਪੂਰਨ ਵਰਗ ਹੋਵੇ :

(A) 2
(B) 3
(C) 6
(D) 24

13. 50 ਸੰਖਿਆਵਾਂ ਦਾ ਔਸਤ 36 ਕੱਢਿਆ ਗਿਆ ਹੈ। ਮਗਰੋਂ ਪਤਾ ਲੱਗਿਆ ਕਿ ਇੱਕ ਸੰਖਿਆ 48 ਦੀ ਥਾਂ 23 ਲੈ ਲਈ ਗਈ। ਸ਼ੁਧ ਔਸਤ ਕੀ ਹੈ ?

(A) 35.2
(B) 36.1
(C) 36.5
(D) 39.1

14. ਇੱਕ ਵਿਅਕਤੀ ਅਤੇ ਉਸਦੇ ਪੁੱਤਰ ਦੀਆਂ ਮੌਜੂਦਾ ਉਮਰਾਂ ਦਾ ਜੋੜ 45 ਸਾਲ ਹੈ। 5 ਸਾਲ ਪਹਿਲਾਂ ਉਹਨਾਂ ਦੀਆਂ ਉਮਰਾਂ ਦਾ ਗੁਣਨਫਲ 34 ਸੀ। ਉਸਦੇ ਪੁੱਤਰ ਅਤੇ ਉਸ ਵਿਅਕਤੀ ਦੀ ਮੌਜੂਦਾ ਉਮਰ ਹੈ ਕ੍ਰਮਵਾਰ :

(A) 6 ਅਤੇ 39 ਸਾਲ
(B) 7 ਅਤੇ 38 ਸਾਲ
(C) 9 ਅਤੇ 36 ਸਾਲ
(D) 11 ਅਤੇ 34 ਸਾਲ

15. 270 ਪ੍ਰੀਖਿਆਰਥੀ ਪ੍ਰੀਖਿਆਂ ਵਿੱਚ ਬੈਠਦੇ ਹਨ, ਜਿਨ੍ਹਾਂ ਵਿੱਚੋਂ 252 ਪਾਸ ਹੁੰਦੇ ਹਨ। ਪਾਸ ਪ੍ਰਤੀਸ਼ਤਤਾ ਹੈ :

(A) 80%
(B) $83\frac{1}{2}\%$
(C) $90\frac{1}{3}\%$
(D) $93\frac{1}{3}\%$

16. ਇੱਕ ਵਿਕਰੇਤਾ ਇੱਕ ਰੁਪਏ ਦੀਆਂ 6 ਟਾਫੀਆਂ ਖਰੀਦਦਾ ਹੈ। ਉਹ ਇੱਕ ਰੁਪਏ ਵਿੱਚ ਕਿੰਨੀਆਂ ਟਾਫੀਆਂ ਵੇਚੇ ਕਿ ਉਸ ਨੂੰ 20% ਮੁਨਾਫਾ ਹੋਵੇ ?

(A) 3
(B) 4
(C) 5
(D) 6

17. ਇੱਕ ਚੀਜ਼ ₹144 ਵਿੱਚ ਵੇਚੀ ਗਈ। ਜੇ ਲਾਭ ਦੀ ਪ੍ਰਤੀਸ਼ਤਤਾ ਸੰਖਿਆਤਮਕ ਰੂਪ ਵਿੱਚ ਉਸ ਦੇ ਲਾਗਤ ਮੁੱਲ ਦੇ ਬਰਾਬਰ ਹੋਵੇ ਤਾਂ ਵਸਤੂ ਦਾ ਲਾਗਤ ਮੁੱਲ ਕਿੰਨਾ ਹੈ ?

(A) ₹72
(B) ₹80
(C) ₹90
(D) ₹100

18. 3 ਪੰਪ ਪ੍ਰਤੀ ਦਿਨ 8 ਘੰਟੇ ਕੰਮ ਕਰਦੇ ਹੋਏ ਇੱਕ ਟੈਂਕ ਨੂੰ 2 ਦਿਨਾਂ ਵਿੱਚ ਖ਼ਾਲੀ ਕਰਦੇ ਹਨ। ਉਸ ਟੈਂਕ ਨੂੰ ਇੱਕ ਦਿਨ ਵਿੱਚ ਖ਼ਾਲੀ ਕਰਨ ਲਈ 4 ਪੰਪ ਕਿੰਨੇ ਘੰਟੇ ਪ੍ਰਤੀ ਦਿਨ ਕੰਮ ਕਰਨਗੇ ?

(A) 9
(B) 10
(C) 11
(D) 12

19. ਇੱਕ ਠੇਕੇਦਾਰ ਨੇ ਕਿਸੇ ਕੰਮ ਨੂੰ 40 ਦਿਨ ਵਿੱਚ ਪੂਰਾ ਕਰਨ ਦਾ ਠੇਕਾ ਲਿਆ। ਉਸ ਨੇ ਸ਼ੁਰੂ ਵਿੱਚ 100 ਵਿਅਕਤੀ ਕੰਮ 'ਤੇ ਲਗਾਏ ਅਤੇ 35 ਦਿਨਾਂ ਬਾਦ 100 ਵਿਅਕਤੀ ਹੋਰ ਕੰਮ ਤੇ ਲਗਾ ਕੇ ਸਮੇਂ 'ਤੇ ਕੰਮ ਪੂਰਾ ਕਰ ਦਿੱਤਾ। ਜੇ ਉਹ ਵਾਧੂ ਵਿਅਕਤੀਆਂ ਨੂੰ ਕੰਮ 'ਤੇ ਨਾ ਲਗਾਉਂਦਾ ਤਾਂ ਇਹ ਕੰਮ ਨਿਸ਼ਚਿਤ ਸਮੇਂ ਤੋਂ ਕਿੰਨੇ ਦਿਨ ਬਾਅਦ ਖ਼ਤਮ ਹੁੰਦਾ ?

(A) 3
(B) 5
(C) 6
(D) 9

20. A ਇੱਕ ਕੰਮ ਨੂੰ 4 ਘੰਟੇ ਵਿੱਚ, B ਅਤੇ C ਮਿਲ ਕੇ 3 ਘੰਟੇ ਵਿੱਚ ਅਤੇ A ਅਤੇ C ਮਿਲ ਕੇ 2 ਘੰਟੇ ਵਿੱਚ ਪੂਰਾ ਕਰ ਸਕਦੇ ਹਨ। B ਇਕੱਲਾ ਉਸ ਕੰਮ ਨੂੰ ਕਿੰਨੇ ਸਮੇਂ ਵਿੱਚ ਪੂਰਾ ਕਰੇਗਾ?

(A) 8 ਘੰਟੇ
(B) 10 ਘੰਟੇ
(C) 12 ਘੰਟੇ
(D) 24 ਘੰਟੇ

21. ਕੇਓਲਾਦੇਵ (Keoladeo) ਨੈਸ਼ਨਲ ਪਾਰਕ ਕਿੱਥੇ ਸਥਿਤ ਹੈ ?

(A) ਭਰਤਪੁਰ
(B) ਆਗਰਾ
(C) ਜੈਪੁਰ
(D) ਅਜਮੇਰ

22. ਦਿੱਤੀ ਗਈ ਲੜੀ ਵਿੱਚ ਗਲਤ ਸੰਖਿਆ ਲੱਭੋ :

1, 2, 6, 15, 31, 56, 91

(A) 31 (B) 91

(C) 56 (D) 15

23. ਦਿੱਤੀ ਗਈ ਲੜੀ ਵਿੱਚ ਗਲਤ ਸੰਖਿਆ ਲੱਭੋ :

22, 33, 66, 99, 121, 279, 594

(A) 33 (B) 121

(C) 279 (D) 594

24. ਦਿੱਤੀ ਗਈ ਲੜੀ ਵਿੱਚ ਗਲਤ ਸੰਖਿਆ ਲੱਭੋ :

1, 8, 27, 64, 124, 216, 343

(A) 8 (B) 27

(C) 64 (D) 124

25. ਸੂਰਜੀ ਮੰਡਲ ਵਿੱਚ ਸ਼ਭ ਤੋਂ ਛੋਟਾ ਸਾਲ ਅਤੇ ਸਭ ਤੋਂ ਵੱਡਾ ਦਿਨ ਕਿਸ ਗ੍ਰਹਿ 'ਤੇ ਹੁੰਦਾ ਹੈ ?

(A) ਬੁੱਧ (Mercury) (B) ਮੰਗਲ (Mars)

(C) ਬ੍ਰਹਿਸਪਤੀ (Jupiter) (D) ਨੈਪਟਿਊਨ (Neptune)

26. ਇੱਕ ਫੁੱਟ ਦਾ ਬਾਰ੍ਹਵਾਂ ਭਾਗ ਕਿਸ ਦੇ ਬਰਾਬਰ ਹੈ ?

(A) ਇੱਕ ਸੈਂਟੀਮੀਟਰ (B) ਇੱਕ ਮੀਟਰ

(C) ਇੱਕ ਇੰਚ (D) ਇੱਕ ਗਜ਼

27. ਦੂਰ-ਸੰਚਾਰ ਵਿੱਚ 1G, 2G, 3G ਅੋਰ 4G ਵਿੱਚ 'G' ਦਾ ਅਰਥ ਹੈ :

(A) ਗੈਜਟ (Gadget) (B) ਪੀੜੀ (Generation)

(C) ਜੀਓ ਸਟੇਸ਼ਨਰੀ (Geo-Stationary) (D) ਜੀਓ ਮੈਟ੍ਰਿਕ (Geometric)

28. ਇਹਨਾਂ ਪਾਰਟੀਆਂ ਵਿੱਚ ਕਿਹੜੀ ਪਾਰਟੀ ਦਾ ਚੋਣ ਨਿਸ਼ਾਨ ਇੱਕ ਜਿਉਂਦਾ ਜਾਨਵਰ ਹੈ ?

(A) ਬਹੁਜਨ ਸਮਾਜ ਪਾਰਟੀ (B) ਸਮਾਜਵਾਦੀ ਪਾਰਟੀ

(C) ਨੈਸ਼ਨਲਿਸਟ ਕਾਂਗਰਸ ਪਾਰਟੀ (D) ਜਨਤਾ ਦਲ (ਯੂਨਾਈਟਡ)

29. ਇਹਨਾਂ ਦਰਿਆਵਾਂ ਵਿੱਚੋਂ ਕਿਹੜਾ ਦਰਿਆ ਭਾਰਤ ਵਿੱਚੋਂ ਨਹੀਂ ਨਿਕਲਦਾ ?

(A) ਰਾਵੀ (B) ਬ੍ਰਹਮਪੁੱਤਰ

(C) ਬਿਆਸ (D) ਗੋਮਤੀ

30. ਭਾਰਤ ਸਰਕਾਰ ਦੇ ਨਿਯਮ ਅਨੁਸਾਰ ਵਿਦਿਅਕ ਸੰਸਥਾਵਾਂ ਦੇ 100 ਗਜ਼ ਦੇ ਘੇਰੇ ਵਿੱਚ, ਇਹਨਾਂ ਵਿੱਚੋਂ ਕਿਹੜੇ ਉਤਪਾਦ ਦੀ ਵਿਕਰੀ ਉਪਰ ਪਾਬੰਦੀ ਹੈ ?

(A) ਚਾਕਲੇਟ
(B) ਕੋਲਡ ਡਰਿੰਕਸ (Cold drinks)
(C) ਤੰਬਾਕੂ
(D) ਚਾਹ

31. ਪਹਿਲੀਆਂ ਨਾ ਵੰਡਣਯੋਗ (ਅਭਾਜਯ) ਸੰਖਿਆਵਾਂ (Prime numbers) ਦਾ ਔਸਤ ਕਿੰਨਾ ਹੈ ?

(A) 9
(B) 11
(C) $11\frac{1}{9}$
(D) $11\frac{2}{9}$

32. 50 ਦਾ 860% + 860 ਦਾ 50% = ?

(A) 430
(B) 516
(C) 860
(D) 960

33. ਭਾਰਤੀ ਰੇਲ ਗੱਡੀਆਂ ਲਈ ਸਵਾਰੀ ਡੱਬੇ ਕਿੱਥੇ ਬਣਦੇ ਹਨ ?

(A) ਚਿਤਰੰਜਨ
(B) ਹੁਬਲੀ
(C) ਪੈਰੰਬੁਰ
(D) ਵਾਰਾਨਸੀ

34. WAN ਦਾ ਅਰਥ ਹੈ:

(A) Width After Network
(B) Wide Area Network
(C) Work After Network
(D) Work Area Network

35. 'ਕਵੀ ਗੁਰੂ' ਕਿਹਨਾਂ ਨੂੰ ਕਿਹਾ ਜਾਂਦਾ ਹੈ ?

(A) ਹਰੀਵੰਸ਼ ਰਾਏ ਬਚਨ
(B) ਰਾਬਿੰਦਰ ਨਾਥ ਟੈਗੋਰ
(C) ਕਾਲੀਦਾਸ
(D) ਸਤੇਂਦਰ ਨਾਥ ਟੈਗੋਰ

36. ਰਾਜ ਮੰਦਰ ਸਿਨੇਮਾ ਕਿੱਥੇ ਸਥਿਤ ਹੈ ?

(A) ਜੈਪੁਰ
(B) ਜੋਧਪੁਰ
(C) ਅਜਮੇਰ
(D) ਬੀਕਾਨੇਰ

37. ਭਾਰਤ ਵੱਲ ਆਉਣ ਲਈ ਸਮੁੰਦਰੀ ਮਾਰਗ ਦਾ ਪਤਾ ਕਿਸ ਨੇ ਲਗਾਇਆ ?

(A) ਅੰਗ੍ਰੇਜਾਂ ਨੇ
(B) ਪੁਰਤਗਾਲੀਆਂ ਨੇ
(C) ਡੱਚਾਂ ਨੇ
(D) ਚੀਨੀਆਂ ਨੇ

38. "ਰੰਗਭੂਮੀ" ਦੇ ਲੇਖਕ ਕੌਣ ਹਨ ?

(A) ਪ੍ਰੇਮ ਚੰਦ
(B) ਦਿਨਕਰ
(C) ਨਿਰਾਲਾ
(D) ਗੋਰਖਪੁਰੀ

39. ਖ਼ੂਨ ਦਾ ਥੱਕਾ (Blood Clotting) ਬਣਾਉਣ ਵਿੱਚ _____ ਵਿਟਾਮਿਨ ਜ਼ਿੰਮੇਵਾਰ ਹੈ ?

(A) ਏ
(B) ਬੀ
(C) ਕੇ
(D) ਈ

40. "ਸਿੱਲੀ ਪੁਆਇੰਟ" ਸ਼ਬਦ _____ਵਿੱਚ ਇਸਤੇਮਾਲ ਹੁੰਦਾ ਹੈ ।

(A) ਕ੍ਰਿਕੇਟ
(B) ਹਾਕੀ
(C) ਬੈਡਮਿੰਟਨ
(D) ਟੈਨਿਸ

41. ਅਮਜ਼ਦ ਅਲੀ ਖਾਂ _____ ਦੇ ਮਸ਼ਹੂਰ ਸਾਜ਼ਿੰਦੇ (exponent) ਹਨ:

(A) ਗਿਟਾਰ
(B) ਸਰੋਦ
(C) ਪਿਆਨੋ
(D) ਤਬਲਾ

42. ਭਰਤਨਾਟਿਅਮ, ਸ਼ਾਸਤਰੀ ਨ੍ਰਿਤ ਵੰਨਗੀ ਦੀ ਸ਼ੁਰੂਆਤ ਭਾਰਤ ਦੇ ਕਿਸ ਰਾਜ ਵਿੱਚ ਹੋਈ ?

(A) ਕਰਨਾਟਕ
(B) ਮਣੀਪੁਰ
(C) ਤਾਮਿਲਨਾਡੂ
(D) ਰਾਜਸਥਾਨ

43. ਹਰਿਮੰਦਰ ਸਾਹਿਬ (Golden Temple) ..... ਰਾਜ ਵਿੱਚ ਸਥਿਤ ਹੈ ?

(A) ਹਰਿਆਣਾ
(B) ਹਿਮਾਚਲ ਪ੍ਰਦੇਸ਼
(C) ਬਿਹਾਰ
(D) ਪੰਜਾਬ

44. ਹੇਠ ਦਿੱਤਿਆਂ ਵਿੱਚੋਂ ਕਿਹੜਾ ਸੰਕੇਤਕ ਰੂਪ (abbreviation) ਭਾਰਤ ਦੀ ਰਾਸ਼ਟਰੀ ਰਾਜਨੀਤਿਕ ਪਾਰਟੀ ਨਹੀਂ ਹੈ ?

(A) ਬੀ ਐਸ ਪੀ (BSP)
(B) ਯੂ ਪੀ ਏ (UPA)
(C) ਬੀ ਜੇ ਪੀ (BJP)
(D) ਐਨ ਸੀ ਪੀ (NCP)

45. ਜੇ RANKLE ਨੂੰ ਇੱਕ ਨਿਸ਼ਚਿਤ ਸੰਕੇਤਕ ਭਾਸ਼ਾ ਵਿੱਚ ELKNAR ਕੋਡ ਵਿੱਚ ਲਿਖਿਆ ਜਾਵੇ ਤਾਂ ਦੱਸੋ ਕਿ BANGLE ਨੂੰ ਉਸੇ ਸੰਕੇਤਕ ਭਾਸ਼ਾ ਵਿੱਚ ਕਿਸ ਤਰ੍ਹਾਂ ਕੋਡ ਕੀਤਾ ਜਾਵੇਗਾ?

(A) ELGNAB
(B) ELGANB
(C) ELGNBA
(D) ELNGAB

46. ਜੇ REACTION ਨੂੰ ਇੱਕ ਨਿਸ਼ਚਿਤ ਸੰਕੇਤਕ ਭਾਸ਼ਾ ਵਿੱਚ CAERNOIT ਕੋਡ ਵਿੱਚ ਲਿਖਿਆ ਜਾਵੇ ਤਾਂ ਦੱਸੋ ਕਿ PERFECTION ਨੂੰ ਉਸ ਸੰਕੇਤਕ ਭਾਸ਼ਾ ਵਿੱਚ ਕਿਸ ਤਰ੍ਹਾਂ ਕੋਡ ਕੀਤਾ ਜਾਵੇਗਾ ?

(A) EFRPENOITC
(B) EFREPNOITC
(C) ERFEPNOITC
(D) EFREPNOICT

47. $0.0060 \div 0.05 + 0.04 = ?$

(A) 0.52
(B) 0.124
(C) 0.016
(D) 0.16

48. ਹੇਠ ਦਿੱਤੀਆਂ ਵਿੱਚੋਂ ਕਿਹੜੀ ਫ਼ਸਲ ਭਾਰਤ ਦੀ ਦੂਜੀ ਸਭ ਤੋਂ ਵੱਧ ਮਹੱਤਪੂਰਨ ਫ਼ਸਲ ਹੈ ?

(A) ਕਣਕ
(B) ਜਵਾਰ
(C) ਬਾਜਰਾ
(D) ਛੋਲੇ

49. ਭਾਰਤ ਦੇ ਚੀਫ ਜਸਟਿਸ ਨੂੰ _____ ਵੱਲੋਂ ਆਹੁਦੇ ਦੀ ਸਹੁੰ ਚੁਕਾਈ ਜਾਂਦੀ ਹੈ :

(A) ਪ੍ਰਧਾਨ ਮੰਤਰੀ
(B) ਕਾਨੂੰਨ ਮੰਤਰੀ
(C) ਲੋਕ ਸਭਾ ਸਪੀਕਰ
(D) ਭਾਰਤ ਦੇ ਰਾਸ਼ਟਰਪਤੀ

50. ਸਰਵਜਨਕ (ਪਬਲਿਕ) ਸੈਕਟਰ ਵਿੱਚ ਸਭ ਤੋਂ ਵੱਡਾ ਬੈਂਕ ਕਿਹੜਾ ਹੈ ?

(A) ਭਾਰਤੀ ਸਟੇਟ ਬੈਂਕ
(B) ਪੰਜਾਬ ਨੈਸ਼ਨਲ ਬੈਂਕ
(C) ਆਈ ਸੀ ਆਈ ਸੀ ਆਈ ਬੈਂਕ
(D) ਐੱਚ ਡੀ ਐਫ ਸੀ ਬੈਂਕ

51. ਹੇਠ ਲਿਖਿਆ ਵਿੱਚੋਂ ਕਿਹੜੇ ਸਾਇੰਸਦਾਨ ਨੇ "ਇਲੈਕਟਰਾਨ" ਦੀ ਖੋਜ ਕੀਤੀ ਸੀ ?

(A) ਜੌਨ ਡਾਲਟਨ
(B) ਨਿਊਟਨ
(C) ਜੇ.ਜੇ. ਥਾਮਸਨ
(D) ਕੂਲੰਬ

52. ਭਾਰਤ ਦੀਆਂ ਰੱਖਿਆ ਫੌਜਾਂ ਦੀ ਕਮਾਨ ਕਿਸ ਦੇ ਤਹਿਤ ਹੈ ?

(A) ਪ੍ਰਧਾਨ ਮੰਤਰੀ (B) ਰੱਖਿਆ ਮੰਤਰੀ

(C) ਗ੍ਰਹਿ ਮੰਤਰੀ (D) ਰਾਸ਼ਟਰਪਤੀ

53. ਬਿਰਲਾ ਮੰਦਰ ਕਿੱਥੇ ਸਥਿਤ ਹੈ ?

(A) ਅਜਮੇਰ (B) ਬੀਕਾਨੇਰ

(C) ਜੈਪੁਰ (D) ਜੋਧਪੁਰ

54. ਵਿੰਬਲਡਨ ਚੈਂਪੀਅਨਸ਼ਿਪ ਸਾਲ 2014 ਵਿੱਚ ਔਰਤਾਂ ਦੇ ਸਿੰਗਲਜ਼ ਮੁਕਾਬਲੇ ਦੀ ਜੇਤੂ ਕੌਣ ਸੀ ?

(A) ਸੈਰੇਨਾ ਵਿਲੀਅਮਜ਼ (B) ਸਫੀਨ ਲਿਸਿਕੀ

(C) ਮਾਰੀਆ ਸ਼ਾਰਾਪੋਵਾ (D) ਇਹਨਾਂ ਵਿੱਚੋਂ ਕੋਈ ਨਹੀਂ

55. 'ਅਕਵੇਰੀਅਸ' ਰਾਸ਼ੀ ਦਾ ਭਾਰਤੀ ਨਾਂ ਕੀ ਹੈ ?

(A) ਮੀਨ (B) ਮਿਥੁਨ

(C) ਕੁੰਭ (D) ਮਕਰ

56. ਦੋ ਸੰਖਿਆਵਾਂ ਦਾ ਮਹੱਤਮ ਸਮਾਪਵਰਤਕ 11 ਅਤੇ ਲਘੁਤਮ ਸਮਾਪਵਰਤਯ 7700 ਹੈ। ਜੇ ਇੱਕ ਸੰਖਿਆ 275 ਹੈ ਤਾਂ ਦੂਜੀ ਸੰਖਿਆ ਹੈ :

(A) 279 (B) 283

(C) 308 (D) 318

57. ਇੱਕ ਦਰਿਆ ਵਿੱਚ ਪਾਣੀ ਦੇ ਵਹਾਅ ਦਾ ਵੇਗ 2 ਕਿ.ਮੀ./ਘੰਟਾ ਹੈ। ਇਸ ਦਰਿਆ ਵਿੱਚ ਇੱਕ ਮੋਟਰ ਬੋਟ ਵਹਾਅ ਦੇ ਉਲਟ 6 ਕਿਲੋਮੀਟਰ ਜਾ ਕੇ ਸ਼ੁਰੂਆਤੀ ਸਥਾਨ 'ਤੇ 33 ਮਿੰਟ ਵਿੱਚ ਪਹੁੰਚਦੀ ਹੈ। ਸ਼ਾਂਤ ਪਾਣੀ ਵਿੱਚ ਮੋਟਰ ਬੋਟ ਦੀ ਰਫ਼ਤਾਰ ਕਿੰਨੀ ਹੈ ?

(A) 22 ਕਿ.ਮੀ./ਘੰਟਾ (B) 12 ਕਿ.ਮੀ./ਘੰਟਾ

(C) 32 ਕਿ.ਮੀ./ਘੰਟਾ (D) ਇਹਨਾਂ ਵਿੱਚੋਂ ਕੋਈ ਨਹੀਂ

58. ਭਾਰਤ ਵਿੱਚ ਹਵਾਈ ਜਹਾਜ਼ਾਂ ਦਾ ਨਿਰਮਾਣ ਕਿੱਥੇ ਹੁੰਦਾ ਹੈ ?

(A) ਕਾਨਪੁਰ/ਬੈਂਗਲੁਰੂ (B) ਕੋਲਕਾਤਾ/ਕੋਚੀ

(C) ਚੇਨਈ/ਮੁੰਬਈ (D) ਦਿੱਲੀ/ਦੇਹਰਾਦੂਨ

59. ਨੈਸ਼ਨਲ ਡੀਫੈਂਸ ਅਕੈਡਮੀ ਕਿੱਥੇ ਸਥਿਤ ਹੈ ?

(A) ਹੈਦਰਾਬਾਦ
(B) ਨਵੀਂ ਦਿੱਲੀ
(C) ਖੜਕਵਾਸਲਾ
(D) ਮਾਊਂਟ ਆਬੂ

60. ਹਿਮਾਲਿਆ ਪਰਬਤਾਰੋਹਣ ਸੰਸਥਾਨ ਕਿੱਥੇ ਹੈ ?

(A) ਦਾਰਜੀਲਿੰਗ
(B) ਦੇਹਰਾਦੂਨ
(C) ਮਰਮੁਗੋਆ
(D) ਦਿਸਪੁਰ

61. 'ਰੇਖਾ ਗਣਿਤ ਦੇ ਪਿਤਾਮਾ' (Father of Geometry) ਕਿਸ ਨੂੰ ਕਹਿੰਦੇ ਹਨ ?

(A) ਕੈਪਲਰ
(B) ਯੂਕਲਿਡ
(C) ਪਾਈਥਾਗੋਰਸ
(D) ਨਿਊਟਨ

62. $3897 \times 999 = ?$

(A) 3883203
(B) 3893103
(C) 3639403
(D) 3791203

63. 1 ਤੋਂ 31 ਵਿਚਕਾਰ ਸਮ ਸੰਖਿਆਵਾਂ (even numbers) ਦਾ ਜੋੜ ਕਿੰਨਾ ਹੋਵੇਗਾ ?

(A) 6
(B) 128
(C) 240
(D) 512

64. $\frac{1}{3}, \frac{2}{9}, \frac{5}{6}, \frac{4}{27}$ ਦਾ ਲਘੁਤਮ ਸਮਾਪਵਰਤਯ ਕਿੰਨਾ ਹੈ ?

(A) $\frac{1}{54}$
(B) $\frac{10}{27}$
(C) $\frac{20}{3}$
(D) ਇਹਨਾਂ ਵਿੱਚੋਂ ਕੋਈ ਨਹੀਂ

65. 3, 2.7 ਅਤੇ 0.09 ਦਾ ਲਘੁਤਮ ਸਮਾਪਵਰਤਯ (LCM) ਹੈ :

(A) 2.7
(B) 0.27
(C) 0.027
(D) 27

66. ਉਹ ਵੱਡੀ ਤੋਂ ਵੱਡੀ ਸੰਖਿਆ ਕਿਹੜੀ ਹੈ ਜਿਸ ਨਾਲ 1657 ਅਤੇ 2037 ਨੂੰ ਤਕਸੀਮ ਕਰਨ ਤੇ ਕ੍ਰਮਵਾਰ 6 ਅਤੇ 5 ਬਾਕੀ ਬਚਣ ?

(A) 123
(B) 127
(C) 235
(D) 305

67. 792.02 + 101.32 – 306.76 = ?

(A) 586.58 (B) 893.34

(C) 997.11 (D) 1200.10

68. 0.014 × 0.014 = ?

(A) 0.000196 (B) 0.00196

(C) 19.6 (D) 196

69. 3640 ÷ 14 × 16 + 340 = ?

(A) 0.70 (B) 3525

(C) 4480 (D) ਇਹਨਾਂ ਵਿੱਚੋਂ ਕੋਈ ਨਹੀਂ

70. ਇੱਕ ਬਾਂਸ ਦਾ $\frac{1}{10}$ ਹਿੱਸਾ ਲਾਲ, $\frac{1}{20}$ ਹਿੱਸਾ ਚਿੱਟਾ, $\frac{1}{30}$ ਹਿੱਸਾ ਨੀਲਾ, $\frac{1}{40}$ ਹਿੱਸਾ ਕਾਲਾ, $\frac{1}{50}$ ਹਿੱਸਾ ਬੈਂਗਣੀ, $\frac{1}{60}$ ਹਿੱਸਾ ਪੀਲਾ ਅਤੇ ਬਾਕੀ ਹਿੱਸਾ ਹਰਾ ਹੈ। ਜੇ ਹਰੇ ਹਿੱਸੇ ਦੀ ਲੰਬਾਈ 12.08 ਮੀਟਰ ਹੋਵੇ ਤਾਂ ਬਾਂਸ ਦੀ ਕੁੱਲ ਲੰਬਾਈ ਕਿੰਨੀ ਹੈ ?

(A) 16 ਮੀ. (B) 18 ਮੀ.

(C) 20 ਮੀ. (D) 30 ਮੀ.

71. A, B ਅਤੇ C ਇੱਕ ਕੰਮ ਨੂੰ ਕ੍ਰਮਵਾਰ 20 ਦਿਨ, 30 ਦਿਨ ਅਤੇ 60 ਦਿਨ ਵਿੱਚ ਸਮਾਪਤ ਕਰ ਸਕਦੇ ਹਨ। ਜੇ A ਲਗਾਤਾਰ ਕੰਮ ਕਰੇ ਅਤੇ ਹਰ ਤੀਜੇ ਦਿਨ B ਅਤੇ C ਵੀ A ਨਾਲ ਮਿਲ ਕੇ ਕੰਮ ਕਰਨ ਤਾਂ ਕੰਮ ਕਿੰਨੇ ਦਿਨਾਂ ਵਿੱਚ ਸਮਾਪਤ ਹੋਵੇਗਾ ?

(A) 12 ਦਿਨ (B) 15 ਦਿਨ

(C) 16 ਦਿਨ (D) 18 ਦਿਨ

72. ਜੇ 6 ਆਦਮੀ ਤੇ 8 ਲੜਕੇ ਇੱਕ ਕੰਮ ਨੂੰ 10 ਦਿਨ ਵਿੱਚ ਖ਼ਤਮ ਕਰਦੇ ਹਨ ਅਤੇ 26 ਆਦਮੀ ਅਤੇ 48 ਲੜਕੇ ਉਸੇ ਕੰਮ ਨੂੰ 2 ਦਿਨ ਵਿੱਚ ਖ਼ਤਮ ਕਰਦੇ ਹਨ ਤਾਂ 15 ਆਦਮੀ ਅਤੇ 20 ਲੜਕੇ ਉਸ ਕੰਮ ਨੂੰ ਕਿੰਨੇ ਦਿਨਾਂ ਵਿੱਚ ਖ਼ਤਮ ਕਰਨਗੇ ?

(A) 4 ਦਿਨ (B) 5 ਦਿਨ

(C) 6 ਦਿਨ (D) 7 ਦਿਨ

73. ਇੱਕ ਰੇਲ ਗੱਡੀ ਦੀ ਰਫ਼ਤਾਰ ਇੱਕ ਕਾਰ ਦੀ ਰਫ਼ਤਾਰ ਨਾਲੋਂ 50% ਜ਼ਿਆਦਾ ਹੈ। ਦੋਵੇਂ ਇੱਕ ਹੀ ਸਮੇਂ ਤੇ ਇੱਕ ਹੀ ਬਿੰਦੂ A ਤੋਂ ਚੱਲ ਕੇ 75 ਕਿ.ਮੀ. ਦੀ ਦੂਰੀ ਤੇ ਦੂਜੇ ਬਿੰਦੂ B ਤੇ ਇਕੱਠੀਆਂ ਹੀ ਪਹੁੰਚਦੀਆਂ ਹਨ, ਕਿਉਂਕਿ ਰੇਲ ਗੱਡੀ ਨੇ ਜਗਹ ਜਗਹ ਸਟੇਸ਼ਨਾਂ ਤੇ ਰੁਕਦਿਆਂ 12.5 ਮਿੰਟ ਲਗਾਏ। ਕਾਰ ਦੀ ਰਫ਼ਤਾਰ ਕਿੰਨੀ ਹੈ ?

(A) 100 ਕਿ.ਮੀ./ਘੰਟਾ
(B) 110 ਕਿ.ਮੀ./ਘੰਟਾ
(C) 120 ਕਿ.ਮੀ./ਘੰਟਾ
(D) 130 ਕਿ.ਮੀ./ਘੰਟਾ

74. ਦੋ ਸਾਈਕਲ ਸੁਆਰ ਇੱਕ ਹੀ ਸਥਾਨ ਤੋਂ ਸਫ਼ਰ ਸ਼ੁਰੂ ਕਰ ਕੇ ਉਲਟ ਦਿਸ਼ਾਵਾ ਵਿੱਚ ਜਾਂਦੇ ਹਨ। ਇਹਨਾਂ ਵਿੱਚ ਇੱਕ ਉੱਤਰ ਵੱਲ 18 ਕਿ.ਮੀ/ਘੰਟਾ ਦੀ ਰਫ਼ਤਾਰ ਨਾਲ ਅਤੇ ਦੂਜਾ ਦੱਖਣ ਵੱਲ 20 ਕਿ.ਮੀ/ਘੰਟਾ ਦੀ ਰਫ਼ਤਾਰ ਨਾਲ ਸਾਈਕਲ ਚਲਾਉਂਦਾ ਹੈ। ਕਿੰਨੇ ਸਮੇਂ ਵਿੱਚ ਉਹ ਇੱਕ ਦੂਜੇ ਨਾਲੋਂ 47.5 ਕਿ.ਮੀ. ਦੀ ਦੂਰੀ ਤੇ ਹੋਣਗੇ ?

(A) $1\frac{1}{4}$ ਘੰਟੇ
(B) $2\frac{1}{4}$ ਘੰਟੇ
(C) 2 ਘੰਟੇ 23 ਮਿੰਟ
(D) $2\frac{1}{2}$ ਘੰਟੇ

75. ਬਰਾਬਰ ਲੰਬਾਈ ਵਾਲੀਆਂ ਦੋ ਰੇਲ ਗੱਡੀਆਂ ਕ੍ਰਮਵਾਰ 46 ਕਿ.ਮੀ./ਘੰਟਾ ਅਤੇ 36 ਕਿ.ਮੀ./ਘੰਟਾ ਦੀ ਰਫ਼ਤਾਰ ਨਾਲ ਇੱਕ ਹੀ ਦਿਸ਼ਾ ਵਿੱਚ ਸਮਾਨੰਤਰ ਪਟੜੀਆਂ ਤੇ ਜਾ ਰਹੀਆਂ ਹਨ। ਤੇਜ਼ ਗਤੀ ਵਾਲੀ ਰੇਲ ਗੱਡੀ ਧੀਮੀ ਗਤੀ ਵਾਲੀ ਰੇਲ ਗੱਡੀ ਨੂੰ 36 ਸੈਕਿੰਡ ਵਿੱਚ ਪਾਰ ਕਰ ਜਾਂਦੀ ਹੈ। ਦੋਹਾਂ ਰੇਲ ਗੱਡੀਆਂ ਦੀ ਲੰਬਾਈ ਕਿੰਨੀ ਹੈ ?

(A) 50 ਮੀਟਰ
(B) 72 ਮੀਟਰ
(C) 80 ਮੀਟਰ
(D) 82 ਮੀਟਰ

76. ਦੁੱਧ ਵਿੱਚ ਪਾਣੀ ਕਿਸ ਅਨੁਪਾਤ ਵਿੱਚ ਮਿਲਾਇਆ ਜਾਵੇ ਕਿ ਮਿਸ਼ਰਣ ਨੂੰ ਲਾਗਤ ਮੁੱਲ 'ਤੇ ਵੇਚਣ ਨਾਲ $16\frac{2}{3}\%$ ਮੁਨਾਫ਼ਾ ਹੋਵੇ ?

(A) 1 : 6
(B) 6 : 1
(C) 2 : 3
(D) 4 : 3

77. ਵਿਸ਼ਮ (Odd) ਦਾ ਪਤਾ ਲਗਾਓ :
331, 482, 551, 263, 383, 242, 111
(A) 263
(B) 383
(C) 242
(D) 111

78. ਵਿਸ਼ਮ (Odd) ਦਾ ਪਤਾ ਲਗਾਓ :
3, 5, 9, 11, 14, 17, 21
(A) 21
(B) 17
(C) 14
(D) 9

79. ਵਿਸ਼ਮ (Odd) ਪਤਾ ਲਗਾਓ :

10, 25, 45, 54, 60, 75, 80

(A) 10 (B) 45

(C) 54 (D) 75

80. ਅਮਰੀਕਾ ਵਿੱਚ ਨਰਿੰਦਰ ਮੋਦੀ ਨੇ ਆਪਣਾ ਭਾਸ਼ਣ ਕਿੱਥੇ ਦਿੱਤਾ ਸੀ ?

(A) ਮੈਡੀਸਨ ਸਕੁਏਅਰ ਗਾਰਡਨ (B) ਵਾਈਟ ਹਾਊਸ

(C) ਕੈਲੀਫੋਰਨੀਆ (D) ਇਹਨਾਂ ਵਿੱਚੋਂ ਕੋਈ ਨਹੀਂ

81. ਭਾਰਤ ਵਿੱਚ ਜਵਾਰ ਜੰਗਲਾਤ (Tidal Forests) ਕਿੱਥੇ ਮਿਲਦੇ ਹਨ :

(A) ਪੱਛਮੀ ਤਟ (B) ਪੂਰਬੀ ਤਟ

(C) ਮੱਧ ਭਾਰਤ (D) ਪੱਛਮੀ ਘਾਟ

82. ਪ੍ਰਿਥਵੀ ਦੇ ਕਿੰਨੇ ਕੁਦਰਤੀ ਉਪ ਗ੍ਰਹਿ ਹਨ ?

(A) 1 (B) 2

(C) 3 (D) 4

83. ਹੇਠ ਦਿੱਤਿਆਂ ਵਿੱਚੋਂ ਕਿਸ ਨੂੰ 'ਭਾਰਤੀ ਨੈਪੋਲੀਅਨ' ਕਿਹਾ ਜਾਂਦਾ ਹੈ ?

(A) ਸਮੁਦਰ ਗੁਪਤ (B) ਵਿਕਰਮਾਦਿੱਤਯ

(C) ਹਰਸ਼ (D) ਅਸ਼ੋਕ

84. 'ਸ਼ਾਂਖਆ ਦਰਸ਼ਨ' ਦੇ ਸੰਸਥਾਪਕ ਕੌਣ ਸਨ ?

(A) ਪਤੰਜਲੀ (B) ਕਪਿਲ

(C) ਜੈਮਿਨੀ (D) ਉਲੁਕ ਕਨਾਡ

85. 'ਪ੍ਰਾਈਮ ਮਰੀਡੀਅਨ' ਕਿੱਥੋਂ ਲੰਘਦੀ ਹੈ :

(A) ਪੈਰਿਸ (B) ਗਰੀਨਵਿੱਚ

(C) ਨਿਊਯਾਰਕ (D) ਦਿੱਲੀ

86. ਯੂਨਾਨੀ ਰਾਜਦੂਤ ਮੈਗਸਥਨੀਜ਼ ਨੂੰ ਕਿਸ ਦੇ ਦਰਬਾਰ ਵਿੱਚ ਭੇਜਿਆ ਗਿਆ ਸੀ :

(A) ਅਸ਼ੋਕ (B) ਚੰਦਰਗੁਪਤ ਮੌਰੀਆ

(C) ਸਮੁਦਰ ਗੁਪਤ (D) ਅਕਬਰ

87. ਪ੍ਰਕਾਸ਼ (Light) ਨੂੰ ਸੂਰਜ ਤੋਂ ਪ੍ਰਿਥਵੀ ਤੱਕ ਪਹੁੰਚਣ ਲਈ ਕਿੰਨਾ ਸਮਾਂ ਲਗਦਾ ਹੈ ?

(A) ਲਗਭਗ 20 ਮਿੰਟ (B) ਲਗਭਗ 20 ਸੈਕਿੰਡ

(C) ਲਗਭਗ 8.5 ਮਿੰਟ (D) 8 ਘੰਟੇ 30 ਮਿੰਟ

88. ਨਿਮੋਨੀਆ ਨਾਲ ਕਿਹੜਾ ਅੰਗ ਪ੍ਰਭਾਵਿਤ ਹੁੰਦਾ ਹੈ ?

(A) ਫੇਫੜੇ (Lungs) (B) ਅੰਤੜੀ (Intestine)

(C) ਤੰਤਰਕਾ ਪ੍ਰਣਾਲੀ (Nervous System) (D) ਜਿਗਰ (Liver)

89. ਲਾਲ ਰਕਤਾਣੂ (RBC) ਕਿਸ ਵਿੱਚ ਬਣਦੇ ਹਨ :

(A) ਜਿਗਰ (B) ਗੁਰਦੇ

(C) ਫੇਫੜੇ (D) ਹੱਡੀਆਂ ਦੀ ਮਿੱਝ (bone marrow)

90. ਸਹੀ ਵਿਕਲਪ ਦੀ ਚੋਣ ਕਰੋ ਜੋ ਲੜੀ ਦੇ ਪੈਟਰਨ ਨੂੰ ਜਾਰੀ ਰੱਖੇ ਅਤੇ ਪ੍ਰਸ਼ਨ ਚਿਨ੍ਹ (?) ਦੀ ਥਾਂ ਲਵੇ।

120, 99, 80, 63, 48, ?

(A) 35 (B) 38

(C) 39 (D) 40

91. IPL ਦੇ ਨਾਂ ਨਾਲ ਜਾਣਿਆ ਜਾਂਦਾ ਪ੍ਰਸਿੱਧ ਟੂਰਨਾਮੈਂਟ ਕਿਸ ਨਾਲ ਸੰਬੰਧਤ ਹੈ ?

(A) ਟੀ–20 ਕ੍ਰਿਕੇਟ (B) ਇੱਕ ਦਿਨੀ ਕ੍ਰਿਕੇਟ

(C) ਟੈਸਟ ਕ੍ਰਿਕੇਟ (D) ਯੂਰੋਪੀਅਨ ਫੁੱਟਬਾਲ

92. ਇਤਿਹਾਸਕ ਸਥਾਨ ਕੇਦਾਰ ਨਾਥ ਜੋ ਖ਼ਬਰਾਂ ਵਿੱਚ ਰਿਹਾ ਹੈ, ਕਿੱਥੇ ਸਥਿਤ ਹੈ ?

(A) ਛੱਤੀਸਗੜ੍ਹ (B) ਹਿਮਾਚਲ ਪ੍ਰਦੇਸ਼

(C) ਉਤਰਾਖੰਡ (D) ਜੰਮੂ ਕਸ਼ਮੀਰ

93. ਸ਼੍ਰੀਮਤੀ ਮਾਰਗ੍ਰੇਟ ਥੈਚਰ ਕਿੱਥੋਂ ਦੀ ਪ੍ਰਧਾਨ ਮੰਤਰੀ ਸੀ ?

(A) ਰੂਸ (B) ਜਰਮਨੀ

(C) ਯੂ.ਕੇ. (D) ਤੁਰਕੀ

94. "LUX" ਕਿਸ ਦੀ SI ਇਕਾਈ ਹੈ :

(A) ਧੁਨੀ (Sound) (B) ਪ੍ਰਕਾਸ਼ਮਾਨਤਾ (Illuminance)

(C) ਵਜਨ (Weight) (D) ਗਤਿ (Speed)

95. $0.8 \times \underline{?} = 0.0004$

(A) 0.0005 (B) 0.005

(C) 0.5 (D) 0.00005

96. ਨਰਮਦਾ ਨਦੀ ਆਪਣੇ ਨਿਕਾਸ ਸਥਾਨ ਤੇ ਨਿਕਲਦੀ ਹੈ ਜੋ ਕਿ _____ ਰਾਜ ਵਿੱਚ ਸਥਿਤ ਹੈ ।

(A) ਮਹਾਂਰਾਸ਼ਟਰ (B) ਉੱਤਰ ਪ੍ਰਦੇਸ਼

(C) ਮੱਧ ਪ੍ਰਦੇਸ਼ (D) ਆਂਧਰਾ ਪ੍ਰਦੇਸ਼

97. ਮੌਖਿਕ ਪੁਨਰਜਲੀਕਰਨ ਘੋਲ (ORS) ਕਿਸ ਦਾ ਇਲਾਜ ਕਰਨ ਨਾਲ ਸੰਬੰਧਤ ਹੈ ?

(A) ਖੂਨ ਦੀ ਕਮੀ (Anaemia) (B) ਬੇਰੀ-ਬੇਰੀ (Beri beri)

(C) ਕੈਂਸਰ (Cancer) (D) ਪੇਚਿਸ਼ (Diarrhoea)

98. ਅਸ਼ੋਕ ਨੇ ਕਿਸ ਘਟਨਾ ਮਗਰੋਂ ਬੁੱਧ ਧਰਮ ਅਪਣਾਇਆ ?

(A) ਪਾਟਲੀਪੁੱਤਰ ਦੀ ਲੜਾਈ (B) ਕਲਿੰਗ ਦੀ ਲੜਾਈ

(C) ਥਨੇਸਵਰ ਦੀ ਪਹਿਲੀ ਪੜਾਈ (D) ਸਾਮੁਗੜ੍ਹ ਦੀ ਲੜਾਈ

99. ਬੁੱਧ ਨਿਮਨਲਿਖਤ ਭਾਸ਼ਾਵਾਂ ਵਿੱਚੋਂ ਕਿਹੜੀ ਵਿੱਚ ਉਪਦੇਸ਼ ਦਿੰਦੇ ਸਨ ?

(A) ਉਰਦੂ (B) ਪਾਲੀ

(C) ਹਿੰਦੀ (D) ਅੰਗਰੇਜ਼ੀ

100. ਭਾਰਤ ਦੇ ਦੂਜੇ ਰਾਸ਼ਟਰਪਤੀ ਕੌਣ ਸਨ ?

(A) ਡਾ. ਜ਼ਾਕਿਰ ਹੁਸੈਨ (B) ਸ੍ਰੀ ਵੀ.ਵੀ ਗਿਰੀ

(C) ਸ੍ਰੀ ਐਨ. ਸੰਜੀਵਾ ਰੈਡੀ (D) ਡਾ. ਐਸ. ਰਾਧਾਕ੍ਰਿਸ਼ਨਨ